# किरपा करो गौरी लाल

ਕਿਰਪਾ ਕਰੋ, ਕਿਰਪਾ ਕਰੋ,
ਕਿਰਪਾ ਕਰੋ ਗੌਰੀ ਲਾਲ x॥-॥
*ਚਰਨਾਂ ਦੇ ਵਿੱਚ, ਲਾ ਕੇ ਗਣਪਤ ॥,
ਕਰ ਦੋ ਸਾਨੂੰ ਨਿਹਾਲ*,,,
ਕਿਰਪਾ ਕਰੋ, ਕਿਰਪਾ ਕਰੋ,,,,,,,,,,
ਜੈ ਜੈ, ਜੈ ਜੈ, ਜੈ ਹੋ ਗੌਰੀ ਲਾਲ, x॥-॥

ਸ਼ਿਵ ਗੌਰਾਂ ਦੇ, ਤੁਮ ਹੋ ਬਾਲਕ,
ਹੋ ਸਭ ਦੇ ਹਿੱਤਕਾਰੀ,
ਰਿੱਧਿ ਸਿੱਧਿ ਦੇ, ਮਾਲਿਕ ਤੁਮ ਹੋ,
ਕਹਿੰਦੀ ਦੁਨੀਆਂ ਸਾਰੀ ॥
*ਮੇਹਰਾਂ ਵਾਲੀ, ਨਜ਼ਰ ਤੂੰ ਕਰਦੇ ॥,
ਦੇਵੇਂ ਸੰਕਟ ਟਾਲ*,,,
ਕਿਰਪਾ ਕਰੋ, ਕਿਰਪਾ ਕਰੋ,,,,,,,,,,

ਮੰਦਰਾਂ ਦੇ ਵਿੱਚ, ਥਾਲ ਨੇ ਤੈਨੂੰ,
ਲੱਡੂਆਂ ਵਾਲੇ ਚੜ੍ਹਦੇ,
ਹੱਥ ਜੋੜ ਕੇ, ਚਰਨਾਂ ਦੇ ਵਿੱਚ,
ਭਗਤ ਪਿਆਰੇ ਖੜ੍ਹਦੇ ॥
*ਖੁਸ਼ੀਆਂ ਦੇ, ਭੰਡਾਰ ਖੋਲ ਕੇ ॥,
ਕਰ ਦੋ ਮਾਲਾ ਮਾਲ*,,,
ਕਿਰਪਾ ਕਰੋ, ਕਿਰਪਾ ਕਰੋ,,,,,,,,,,

'ਰਾਜੂ' ਵੀ, ਹਰੀ ਪੁਰੀਆ ਆ ਕੇ,
ਅਪਣੀ ਹਾਜ਼ਰੀ ਲਾਉਂਦਾ,
ਤੇਰੀ ਵੰਦਨਾ, ਸਭ ਤੋਂ ਪਹਿਲਾਂ,
ਤੇਰਾ 'ਸਲੀਮ' ਹੈ ਗਾਉਂਦਾ ॥
*ਮੇਵੇ ਫ਼ਲ ਤੇ, ਪਾਨ ਚੜ੍ਹਾਈਏ ॥,
ਪੂਰੀ ਸ਼ਰਧਾ ਨਾਲ*,,,
ਕਿਰਪਾ ਕਰੋ, ਕਿਰਪਾ ਕਰੋ,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27345/title/kirpa-karo-gauri-laal

अपने Android मोबाइल पर BhajanGanga App डाउनलोड करें और भजनों का आनंद ले |